# ਆਤਮ ਪਰਗਾਸ ਸਰਬੋਤਮ ਸਕੂਲ ਸਨਮਾਨ

ਵਿੱਦਿਅਕ ਅਦਾਰਿਆਂ ਦਾ ਮੁਢਲਾ ਮਨੋਰਥ ਵਿਦਿਆਰਥੀਆਂ ਨੂੰ ਦੁਨਿਆਵੀ ਗਿਆਨ ਵਿਚ ਪ੍ਰਬੀਨ ਕਰਨ ਦੇ ਨਾਲ-ਨਾਲ ਉਨ੍ਹਾਂ ਦੀ ਸ਼ਖ਼ਸੀਅਤ ਦਾ ਸਰਬਪੱਖੀ ਵਿਕਾਸ ਕਰਕੇ ਖੁਸ਼ਹਾਲ ਸਮਾਜ ਦੀ ਸਿਰਜਣਾ ਲਈ ਜ਼ਿੰਮੇਵਾਰ ਅਤੇ ਇਮਾਨਦਾਰ ਨਾਗਰਿਕ ਪੈਦਾ ਕਰਨਾ ਹੁੰਦਾ ਹੈ।ਪਰ ਅਜੋਕੀ ਸਮਾਜਿਕ ਦਸ਼ਾ ਇਸ ਗੱਲ ਦੀ ਲਖਾਇਕ ਹੈ ਕਿ ਵਿੱਦਿਅਕ ਅਦਾਰਿਆਂ ਨੂੰ ਆਪਣੀ ਕਾਰਜਵਿਧੀ ਵਿਚ ਵੱਡੇ ਸੁਧਾਰ ਦੀ ਲੋੜ ਹੈ।ਵਿੱਦਿਅਕ ਅਦਾਰਿਆਂ ਨੂੰ ਆਪਣੇ ਫ਼ਰਜ਼ਾਂ ਪ੍ਰਤੀ ਜਾਗਰੂਕ ਕਰਕੇ ਵਿਦਿਆਰਥੀਆਂ ਦੀ ਸਚਿਆਰ ਮਨੁੱਖਾਂ ਵਜੋਂ ਘਾੜਤ ਕਰਨ ਲਈ ਕਾਰਜਸ਼ੀਲ ਕਰਨ ਹਿੱਤ ਆਤਮ ਪਰਗਾਸ ਸੋਸ਼ਲ ਵੈਲਫ਼ੇਅਰ ਕੌਂਸਲ ਵੱਲੋਂ ਵਿਉਂਤਬੱਧ ਕਾਰਜ ਅਰੰਭ ਕੀਤੇ ਗਏ ਹਨ।ਨਿਰਧਾਰਿਤ ਵਿਧੀ ਵਿਉਂਤ ਅਨੁਸਾਰ ਕਾਰਜਸ਼ੀਲ ਹੋ ਕੇ ਅੱਵਲ ਕਾਰਗੁਜ਼ਾਰੀ ਕਰਨ ਵਾਲੇ ਸਕੂਲ ਨੂੰ ਸਾਲਾਨਾ ਵਿੱਦਿਅਕ ਕਾਨਫ਼ਰੰਸ ਸਮੇਂ 'ਆਤਮ ਪਰਗਾਸ ਸਰਬੋਤਮ ਸਕੂਲ ਸਨਮਾਨ' (ਸਨਮਾਨ ਚਿੰਨ੍ਹ ਅਤੇ 25000/- ਰੁਪਏ ਦੀ ਰਾਸ਼ੀ) ਨਾਲ ਸਨਮਾਨਿਤ ਕੀਤਾ ਜਾਂਦਾ ਹੈ।

ਖੁਸ਼ਹਾਲ ਸਮਾਜ ਦੀ ਸਿਰਜਣਾ ਵਿਚ ਆਪਣਾ ਯੋਗਦਾਨ ਪਾਉਣ ਲਈ ਚਾਹਵਾਨ ਵਿੱਦਿਅਕ ਸੰਸਥਾਵਾਂ ਹੇਠ ਲਿਖੇ ਅਨੁਸਾਰ ਕਾਰਜਸ਼ੀਲ ਹੋ ਸਕਦੀਆਂ ਹਨ:

**(1) ਵਿੱਦਿਅਕ ਕਾਰਜਸ਼ਾਲਾ ਦਾ ਆਯੋਜਨ:** ਪ੍ਰਿੰਸੀਪਲ ਸਾਹਿਬਾਨ 'ਖੁਸ਼ਹਾਲ ਸਮਾਜ ਦੀ ਸਿਰਜਣਾ ਲਈ ਵਿੱਦਿਅਕ ਸੰਸਥਾਵਾਂ ਆਪਣੀ ਭੂਮਿਕਾ ਕਿਵੇਂ ਨਿਭਾਉਣ**?**' ਵਿਸ਼ੇ ਤੇ ਦੋ ਭਾਗਾਂ ਵਿਚ ਤਿਆਰ ਕੀਤੇ ਗਏ ਵੀਡੀਓ ਸਿਖਲਾਈ ਸੈਸ਼ਨਾਂ (https://atampargas.org/home/Downloads?gid=16) ਦੀ ਸਹਾਇਤਾ ਨਾਲ ਆਪਣੀ ਹਾਜ਼ਰੀ ਵਿਚ ਆਪਣੇ ਸਕੂਲ ਵਿਖੇ ਆਪਣੇ ਅਧਿਆਪਕਾਂ ਦੀ ਵਿਸ਼ੇਸ਼ ਵਿੱਦਿਅਕ ਕਾਰਜਸ਼ਾਲਾ ਦਾ ਆਯੋਜਨ ਕਰਨ। ਚੰਗਾ ਹੋਵੇ ਜੇ ਇਸ ਕਾਰਜਸ਼ਾਲਾ ਦਾ ਆਯੋਜਨ ਵਿੱਦਿਅਕ ਅਦਾਰੇ ਦੀ ਪ੍ਰਬੰਧਕ ਕਮੇਟੀ ਦੀ ਹਾਜ਼ਰੀ ਵਿਚ ਕੀਤਾ ਜਾਵੇ। ਵੀਡੀਓ ਸੈਸ਼ਨ ਉਪਰੰਤ ਅਧਿਆਪਕਾਂ ਨਾਲ ਵਿਚਾਰ ਵਿਟਾਂਦਰਾ ਕਰੋ, ਉਨ੍ਹਾਂ ਦੇ ਰਿਵਿਊ ਫ਼ਾਰਮ (ਨਿਰਧਾਰਿਤ ਫ਼ਾਰਮ ਉੱਪਰ https://atampargas.org/Uploads/cms/a04debdoc_Review_forms.pdf) ਪ੍ਰਾਪਤ ਕਰੋ ਅਤੇ ਦਰਸਾਈ ਗਈ ਵਿਧੀਵਿਉਂਤ ਅਨੁਸਾਰ ਕਾਰਜਸ਼ੀਲ ਹੋਣ ਲਈ ਦੋ ਉਤਸ਼ਾਹੀ ਅਧਿਆਪਕਾਂ ਦੀ ਅਧਿਆਪਕ ਇੰਚਾਰਜ ਅਤੇ ਮੀਤ ਅਧਿਆਪਕ ਇੰਚਾਰਜ, ਆਤਮ ਪਰਗਾਸ ਵਜੋਂ ਚੋਣ ਕਰੋ।

**(2) ਵਿੱਦਿਅਕ ਸੰਸਥਾ ਦੀ ਰਜਿਸਟਰੇਸ਼ਨ:** ਪ੍ਰਿੰਸੀਪਲ ਸਾਹਿਬਾਨ ਆਪਣੀ ਸੰਸਥਾ ਨੂੰ www.atampargas.org ਤੇ ਰਜਿਸਟਰ ਕਰਕੇ ਵਿਦਿਆਰਥੀਆਂ ਦੀ ਸਚਿਆਰ ਮਨੁੱਖਾਂ ਵਜੋਂ ਘਾੜਤ ਲਈ ਦਰਸਾਈ ਵਿਧੀ ਵਿਉਂਤ ਅਨੁਸਾਰ ਕਾਰਜਸ਼ੀਲ ਹੋਣ ਅਤੇ ਕੀਤੇ ਕਾਰਜਾਂ ਦੀ ਰਿਪੋਰਟ ਵੈਬਸਾਈਟ ਤੇ ਨਿਰੰਤਰ (30 ਦਿਨਾਂ ਵਿਚ ਘੱਟੋ-ਘੱਟ ਇੱਕ ਵਾਰ) ਦਰਜ ਕਰਨ।

**(3) ਸਮੂਹ ਵਿਦਿਆਰਥੀਆਂ ਅੰਦਰ ਨੈਤਿਕ ਗੁਣਾਂ ਦੀ ਪ੍ਰਫੁੱਲਤਾ:** ਸਮੂਹ ਵਿਦਿਆਰਥੀਆਂ ਨੂੰ ਦੁਨਿਆਵੀ ਵਿੱਦਿਆ ਦੇਣ ਦੇ ਨਾਲ-ਨਾਲ ਅਜਿਹਾ ਮਾਹੌਲ ਦਿਓ ਕਿ ਉਹ ਆਪਣੇ ਅੰਦਰਲੀਆਂ ਸ਼ਕਤੀਆਂ ਨੂੰ ਪਹਿਚਾਣ ਕੇ ਸਰਬ-ਸਾਂਝੀਵਾਲਤਾ ਦੇ ਸੁਨੇਹੇ ਨੂੰ ਸਰਬੱਤ ਤੱਕ ਪਹੁੰਚਾਉਣ ਲਈ ਸਮਰੱਥ ਹੋ ਸਕਣ।ਵਿਦਿਆਰਥੀਆਂ ਨੂੰ ਆਪਣੇ ਵਿਰਸੇ ਵਿੱਚੋਂ ਨੈਤਿਕ ਕਦਰਾਂ ਕੀਮਤਾਂ ਧਾਰਨ ਕਰਨ ਲਈ ਅਜਿਹਾ ਮਾਹੌਲ ਪ੍ਰਦਾਨ ਕਰਨ ਹਿੱਤ ਹੇਠ ਲਿਖੇ ਕਾਰਜ ਕਰੋ:

- **ਸਿਲੇਬਸ ਵਿਚ ਆਤਮ ਪਰਗਾਸ ਪ੍ਰਕਾਸ਼ਨਾਵਾਂ ਦੀ ਸ਼ਮੂਲੀਅਤ:** ਵਿਦਿਆਰਥੀਆਂ ਅੰਦਰ ਨੈਤਿਕ ਗੁਣਾਂ ਦੀ ਪ੍ਰਫੁੱਲਤਾ ਲਈ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਦੁਨਿਆਵੀ ਵਿਸ਼ੇ ਪੜ੍ਹਾਉਣ ਲਈ ਅਜਿਹਾ ਨਵੇਕਲ਼ਾ ਸਿਲੇਬਸ ਅਪਣਾਇਆ ਜਾਵੇ ਕਿ ਦੁਨਿਆਵੀ ਪੜ੍ਹਾਈ ਦੇ ਨਾਲ-ਨਾਲ ਉਨ੍ਹਾਂ ਅੰਦਰ ਸਚਿਆਰ ਮਨੁੱਖਾਂ ਵਜੋਂ ਵਿਕਸਿਤ ਹੋਣ ਦਾ ਚਾਓ ਵੀ ਭਰਿਆ ਜਾ ਸਕੇ।ਇਸ ਵਿਧੀ ਦੇ ਅਮਲ ਵਿਚ ਆ ਜਾਣ ਨਾਲ ਮੁਢਲੀ ਨੈਤਿਕ ਸਿੱਖਿਆ ਸੁਤੇ ਸਿੱਧ ਦਿੱਤੀ ਜਾ ਸਕੇਗੀ ਅਤੇ ਇਸ ਕੰਮ ਲਈ ਵੱਖਰੇ ਵਿਸ਼ੇ ਅਤੇ ਅਧਿਆਪਕ ਦੀ ਲੋੜ ਨਹੀਂ

ਰਹੇਗੀ।ਦੁਨਿਆਵੀ ਵਿਸ਼ਿਆਂ ਵਿਚ ਨੈਤਿਕ ਗਿਆਨ ਦੇ ਓਤਪੋਤ ਹੋ ਜਾਣ ਨਾਲ ਸਾਡੀ ਸਿੱਖਿਆ ਪ੍ਰਣਾਲੀ ਵੀ ਵਧੇਰੇ ਅਸਰਦਾਰ ਹੋ ਜਾਵੇਗੀ।ਇਸ ਮਨੋਰਥ ਦੀ ਪੂਰਤੀ ਲਈ ਆਤਮ ਪਰਗਾਸ ਸੋਸ਼ਲ ਵੈਲਫ਼ੇਅਰ ਕੌਂਸਲ ਨੇ ਨਰਸਰੀ ਤੋਂ ਨੌਵੀਂ ਸ਼੍ਰੇਣੀ ਦੇ ਪੰਜਾਬੀ, ਆਰਟਸ, ਡਰਾਇੰਗ, ਮੌਰਲ ਸਾਇੰਸ ਅਤੇ ਸੋਸ਼ਲ ਸਾਇੰਸ ਦੇ ਸਿਲੇਬਸ ਲਈ ਵਿਸ਼ੇਸ਼ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਹਨ।ਇਨ੍ਹਾਂ ਪੁਸਤਕਾਂ ਨੂੰ ਵੱਖ-ਵੱਖ ਵਿਸ਼ਿਆਂ ਦੇ ਸਿਲੇਬਸ ਵਿਚ ਸ਼ਾਮਲ ਕਰੋ ਅਤੇ ਪੁਸਤਕਾਂ ਵਿਚ ਦਿੱਤੇ ਗਿਆਨ ਨੂੰ ਜੀਵਨ ਵਿਚ ਅਪਣਾਉਣ ਲਈ ਵਿਦਿਆਰਥੀਆਂ ਨੂੰ ਉਚੇਚ ਨਾਲ ਉਤਸ਼ਾਹਿਤ ਕਰੋ।

- **ਰੋਜ਼ਾਨਾ ਦੀ ਸਕੂਲ ਅਸੈਂਬਲੀ ਦਾ ਨਵੇਕਲਾ ਆਯੋਜਨ:** ਰੋਜ਼ਾਨਾ ਦੀ ਸਕੂਲ ਅਸੈਂਬਲੀ ਦਾ ਅਜਿਹਾ ਨਵੇਕਲਾ, ਸੰਖੇਪ ਅਤੇ ਦਿਲਚਸਪ ਆਯੋਜਨ ਕਰੋ ਕਿ ਸਮੂਹ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਅਸੈਂਬਲੀ ਵਿਚ ਪਹੁੰਚ ਕੇ ਹਰ ਰੋਜ਼ ਨਵਾਂ ਸਿੱਖਣ ਲਈ ਵਿਸ਼ੇਸ਼ ਉਤਸ਼ਾਹ ਹੋਵੇ।ਅਸੈਂਬਲੀ ਵਿਚ ਪ੍ਰੇਰਨਾਵਾਂ ਕਰਨ ਵਾਲਾ ਅਧਿਆਪਕ/ਵਿਦਿਆਰਥੀ ਪਹਿਲਾਂ ਇਨ੍ਹਾਂ ਪ੍ਰੇਰਨਾਵਾਂ ਨੂੰ ਆਪਣੇ ਅਮਲੀ ਜੀਵਨ ਵਿਚ ਅਪਣਾ ਕੇ ਰੋਲ ਮਾਡਲ ਬਣੇ ਤਾਂ ਜੋ ਵਿਦਿਆਰਥੀਆਂ ਤੇ ਇਨ੍ਹਾਂ ਪ੍ਰੇਰਨਾਵਾਂ ਦਾ ਅਸਰ ਹੋ ਸਕੇ।ਅਸੈਂਬਲੀ ਵਿਚ ਹੇਠ ਲਿਖੇ ਕਾਰਜਾਂ ਨੂੰ ਨੇਮ ਨਾਲ ਸ਼ਾਮਿਲ ਕੀਤਾ ਜਾਵੇ:
    - ਵਿਦਿਆਰਥੀਆਂ ਨੂੰ ਗੁਰਬਾਣੀ ਅਨੁਸਾਰ ਜ਼ਿੰਦਗੀ ਜਿਊਣ ਦਾ ਸੁਨੇਹਾ ਦ੍ਰਿੜ੍ਹ ਕਰਵਾਉਣ ਲਈ ਹਰ ਰੋਜ਼ ਕਿਸੇ ਇੱਕ ਗੁਰ ਫ਼ਰਮਾਨ ਦੀ ਸੰਖੇਪ ਵਿਚਾਰ ਕੀਤੀ ਜਾਵੇ।ਇਸ ਕਾਰਜ ਲਈ ਆਤਮ ਪਰਗਾਸ ਵੱਲੋਂ ਪ੍ਰਕਾਸ਼ਿਤ 'ਜੀਵੀਏ ਗੁਰਬਾਣੀ ਨਾਲ' ਪੁਸਤਕ ਸੀਰੀਜ਼ ਅਤਿ ਸਹਾਈ ਪ੍ਰਕਾਸ਼ਨਾ ਹੈ।
    - ਨਸ਼ਾ ਮੁਕਤ ਸਮਾਜ ਦੀ ਸਿਰਜਣਾ ਲਈ ਵਿਦਿਆਰਥੀਆਂ ਨੂੰ ਬਚਨਬੱਧ ਕਰਨ ਲਈ ਨਿਰੰਤਰ ਜਾਗਰੂਕ ਕਰੋ।
    - ਕੁਦਰਤ ਦੀ ਸੰਭਾਲ ਅਤੇ ਵਾਤਾਵਰਨ ਦੇ ਪ੍ਰਦੂਸ਼ਣ ਦੀ ਰੋਕਥਾਮ ਲਈ ਵਿਦਿਆਰਥੀਆਂ ਨੂੰ ਕਾਰਜਸ਼ੀਲ ਰੱਖਣ ਲਈ ਸੰਖੇਪ ਸੁਨੇਹੇ ਸਮੇਂ-ਸਮੇਂ ਸਾਂਝੇ ਕਰੋ।
    - ਵਿਦਿਆਰਥੀਆਂ ਨੂੰ ਹੱਥੀਂ ਕਿਰਤ ਕਰਨ ਦੀ ਮਹਾਨਤਾ ਦ੍ਰਿੜ੍ਹ ਕਰਵਾਉਂਦੇ ਰਹੋ।
    - ਵਿਦਿਆਰਥੀਆਂ ਨੂੰ ਘਰੇਲੂ ਕੰਮ ਕਾਰ ਵਿਚ ਮਾਤਾ-ਪਿਤਾ ਦਾ ਸਹਿਯੋਗ ਕਰਨ ਲਈ ਪ੍ਰੇਰਿਤ ਕਰੋ।
    - ਵਿਦਿਆਰਥੀਆਂ ਅੰਦਰ 'ਲੋੜਵੰਦਾਂ ਦੀ ਸਹਾਇਤਾ ਲਈ ਦਇਆ' ਅਤੇ 'ਸਮਾਜ ਸੇਵਾ ਦਾ ਚਾਓ' ਭਰਨ ਲਈ ਸਮੇਂ-ਸਮੇਂ ਤੇ ਇਤਿਹਾਸਿਕ ਦ੍ਰਿਸ਼ਟਾਂਤ ਸਾਂਝੇ ਕਰੋ।
    - ਇਤਿਹਾਸਿਕ ਦਿਹਾੜਿਆਂ ਸਮੇਂ, ਸੰਬੰਧਿਤ ਇਤਿਹਾਸ ਦੀ ਸੰਖੇਪ ਜਾਣਕਾਰੀ ਸਾਂਝੀ ਕਰੋ।

- **ਪੰਜਾਬੀ ਮਾਂ ਬੋਲੀ ਦਾ ਸਤਿਕਾਰ:** ਅੰਤਰਰਾਸ਼ਟਰੀ ਵਿਦਵਾਨਾਂ ਦਾ ਮੰਨਣਾ ਹੈ ਵਿਦਿਆਰਥੀਆਂ ਦੀ ਮੁਢਲੀ ਸਿੱਖਿਆ ਮਾਂ ਬੋਲੀ ਵਿਚ ਹੀ ਸ਼ੁਰੂ ਹੋਣੀ ਚਾਹੀਦੀ ਹੈ।ਮਾਂ ਬੋਲੀ ਵਿਚ ਮੁਹਾਰਤ ਪ੍ਰਾਪਤ ਵਿਦਿਆਰਥੀਆਂ ਦਾ ਬੌਧਿਕ ਵਿਕਾਸ ਤੇਜੀ ਨਾਲ ਹੁੰਦਾ ਹੈ ਅਤੇ ਵਿਦਿਆਰਥੀ ਦੂਜੀਆਂ ਭਾਸ਼ਾਵਾਂ ਅਤੇ ਵਿਸ਼ਿਆਂ ਨੂੰ ਛੇਤੀ ਸਮਝਣ ਦੇ ਕਾਬਲ ਹੋ ਜਾਂਦੇ ਹਨ।ਇਸ ਲਈ ਵਿਦਿਆਰਥੀਆਂ ਅੰਦਰ ਮਾਂ ਬੋਲੀ ਨੂੰ ਬੋਲਣ, ਲਿਖਣ ਅਤੇ ਪਿਆਰ ਕਰਨ ਦੀ ਰੁਚੀ ਪੈਦਾ ਕਰੋ।ਦੂਸਰੀਆਂ ਭਾਸ਼ਾਵਾਂ ਬੋਲਣ ਅਤੇ ਲਿਖਣ ਦੀ ਕਾਬਲੀਅਤ ਵੀ ਪੈਦਾ ਕਰੋ, ਪਰ ਮਾਂ ਬੋਲੀ ਨੂੰ 'ਮਾਂ' ਦਾ ਸਤਿਕਾਰ ਯਕੀਨੀ ਬਣਾਓ।ਇਸ ਮਨੋਰਥ ਦੀ ਪੂਰਤੀ ਲਈ:
    - ਸਕੂਲ ਦੀ ਨਿਰੰਤਰ ਕਾਰ ਵਿਹਾਰ ਸਮੇਂ ਵਿਦਿਆਰਥੀਆਂ ਅੰਦਰ ਪੰਜਾਬੀ ਮਾਂ ਬੋਲੀ ਪ੍ਰਤੀ ਪਿਆਰ ਜਗਾਉਣ ਨੂੰ ਤਰਜੀਹ ਦਿਓ।ਪੰਜਾਬੀ ਬੋਲਣ ਤੇ ਜ਼ੁਰਮਾਨਾ ਨਾ ਕਰੋ ਅਤੇ ਪੰਜਾਬੀ ਸਮੇਤ

ਦੂਸਰੀਆਂ ਭਾਸ਼ਾਵਾਂ ਵਿਚ ਨਿਪੁੰਨ ਕਰਨ ਲਈ ਵੱਖ-ਵੱਖ ਭਾਸ਼ਾਵਾਂ ਦੀ ਕਲਾਸ ਵਿਚ ਸੰਬੰਧਿਤ ਭਾਸ਼ਾ ਵਿਚ ਗੱਲਬਾਤ ਕਰਨ ਲਈ ਉਤਸ਼ਾਹਿਤ ਕਰੋ।

- ❖ ਵਿਦਿਆਰਥੀਆਂ ਦੇ ਕਲਾਸ ਅਤੇ ਸਕੂਲ ਪੱਧਰ ਤੇ ਪੰਜਾਬੀ ਲਿਖਣ ਅਤੇ ਭਾਸ਼ਣ ਮੁਕਾਬਲੇ ਕਰਵਾਓ।ਸੁੰਦਰ ਪੰਜਾਬੀ ਲਿਖਣ ਅਤੇ ਪ੍ਰਭਾਵਸ਼ਾਲੀ ਪੰਜਾਬੀ ਬੋਲਣ ਵਾਲੇ ਵਿਦਿਆਰਥੀਆਂ ਨੂੰ ਸਕੂਲ ਦੇ ਸਾਲਾਨਾ ਸਮਾਗਮ ਸਮੇਂ ਵਿਸ਼ੇਸ਼ ਇਨਾਮ ਦਿਓ।
- ❖ ਵਿਦਿਆਰਥੀਆਂ ਦੇ ਮਾਤਾ-ਪਿਤਾ ਨਾਲ ਪੰਜਾਬੀ ਵਿਚ ਗੱਲ ਕਰੋ।
- ❖ ਵਿਦਿਆਰਥੀਆਂ ਨੂੰ ਪੰਜਾਬੀ ਬੋਲੀ ਨੂੰ ਪਿਆਰ ਕਰਨ ਦਾ ਸੁਨੇਹਾ ਦਿੰਦੇ ਸੁਨੇਹੇ ਸ਼ਿੰਗਾਰ ਕੇ ਲਿਖਣ ਲਈ ਕਹੋ ਅਤੇ ਇਨ੍ਹਾਂ ਸੁਨੇਹਿਆਂ ਨੂੰ ਕਲਾਸਾਂ, ਲਾਇਬਰੇਰੀ, ਵਰਾਂਡੇ ਅਤੇ ਲਾਂਘੇ ਆਦਿ ਵਿਚ ਇਸ ਤਰ੍ਹਾਂ ਲਗਵਾਓ ਕਿ ਇਹ ਸੁਨੇਹੇ ਵਿਦਿਆਰਥੀਆਂ ਦੀ ਖਿੱਚ ਦਾ ਕੇਂਦਰ ਬਣੇ ਰਹਿਣ।

➢ **ਅਧਿਆਪਕਾਂ ਦੀ ਮਾਸਿਕ ਸ੍ਵੈ ਮੁਲਾਂਕਣ ਇਕੱਤਰਤਾ:** ਅਧਿਆਪਕਾਂ ਨੂੰ ਵਿਦਿਆਰਥੀਆਂ ਦੀ ਸਚਿਆਰ ਮਨੁੱਖਾਂ ਵਜੋਂ ਘਾੜਤ ਘੜਨ ਲਈ ਉਤਸ਼ਾਹਿਤ ਰੱਖਣ ਹਿੱਤ ਮਾਸਿਕ ਸ੍ਵੈ ਮੁਲਾਂਕਣ ਇਕੱਤਰਤਾ ਕਰੋ। ਇਸ ਇਕੱਤਰਤਾ ਵਿਚ ਹਰ ਮਹੀਨੇ ਇੱਕ ਅਧਿਆਪਕ ਕਿਸੇ ਵਿਸ਼ੇਸ਼ ਵਿਸ਼ੇ ਤੇ ਖੋਜ ਭਰਪੂਰ ਭਾਸ਼ਣ ਕਰੇ ਜਾਂ ਆਤਮ ਪਰਗਾਸ ਯੂਟਿਊਬ ਚੈਨਲ (https://www.youtube.com/playlist?list=PL19kviWx7nnVhi98GZp77x5M16A0CDUve), ਤੋਂ ਕੋਈ ਲੈਕਚਰ ਸੁਣਾਇਆ ਜਾਵੇ, ਉਪਰੰਤ ਸਮੂਹ ਅਧਿਆਪਕ ਇਸ ਵਿਸ਼ੇ ਤੇ ਚਰਚਾ ਦੇ ਨਾਲ-ਨਾਲ ਆਪਣੀ ਪ੍ਰਗਤੀ ਦਾ ਮੁਲਾਂਕਣ ਅਤੇ ਅਗਾਊਂ ਵਿਉਂਤਬੰਦੀ ਕਰਨ।ਅਧਿਆਪਕਾਂ ਨੂੰ ਆਤਮ ਪਰਗਾਸ ਪ੍ਰਕਾਸ਼ਨਾਵਾਂ ਵਿਚ ਦਿੱਤੇ ਗਿਆਨ ਨੂੰ ਅਮਲੀ ਜੀਵਨ ਵਿਚ ਅਪਣਾ ਕੇ ਵਿਦਿਆਰਥੀਆਂ ਲਈ ਚਾਨਣ ਮੁਨਾਰ ਬਣਨ ਲਈ ਪ੍ਰੇਰਿਤ ਕਰੋ।

➢ **ਵਿੱਦਿਅਕ ਯਾਤਰਾਵਾਂ:** ਸਕੂਲ ਵੱਲੋਂ ਆਯੋਜਿਤ ਕੀਤੇ ਜਾਣ ਵਾਲੀਆਂ ਵਿੱਦਿਅਕ ਯਾਤਰਾਵਾਂ ਨੂੰ ਨਵੇਕਲੀ ਰੰਗਤ ਦਿਓ।ਇਨ੍ਹਾਂ ਯਾਤਰਾਵਾਂ ਦੌਰਾਨ ਵਿਦਿਆਰਥੀਆਂ ਅੰਦਰ ਸਚਿਆਰ ਮਨੁੱਖ ਵਜੋਂ ਪ੍ਰਫੁੱਲਿਤ ਹੋਣ ਦੀ ਜਗਿਆਸਾ ਪ੍ਰਬੱਲ ਕਰਨ ਲਈ ਵਿਸ਼ੇਸ਼ ਵਿਚਾਰ-ਚਰਚਾਵਾਂ ਦਾ ਪ੍ਰਬੰਧ ਕਰੋ।ਉਨ੍ਹਾਂ ਅੰਦਰ ਆਪਣੇ ਪੁਰਖਾਂ ਤੋਂ ਸੇਧ ਲੈ ਕੇ ਖੁਸ਼ਹਾਲ ਸਮਾਜ ਦੀ ਸਿਰਜਣਾ ਦਾ ਚਾਓ ਭਰੋ।

➢ **ਸਾਲਾਨਾ ਸਮਾਗਮ ਦਾ ਨਵੇਕਲਾ ਆਯੋਜਨ:** ਸੱਭਿਆਚਾਰਕ ਮੇਲਿਆਂ ਦੀ ਆੜ ਹੇਠ ਪ੍ਰਚਲਿਤ ਹੋਏ ਨਚਾਰ ਸੱਭਿਆਚਾਰ ਨੇ ਸਾਨੂੰ ਸਚਿਆਰ ਸੱਭਿਆਚਾਰ ਨਾਲੋਂ ਤੋੜ ਕੇ ਸਮਾਜ ਦਾ ਵੱਡਾ ਨੁਕਸਾਨ ਕੀਤਾ ਹੈ। ਨੌਜਵਾਨਾਂ ਨੂੰ ਨਚਾਰ ਸੱਭਿਆਚਾਰ ਤੋਂ ਸਚਿਆਰ ਸੱਭਿਆਚਾਰ ਵੱਲ ਵਾਪਸ ਮੋੜਨ ਲਈ ਵਿੱਦਿਅਕ ਅਦਾਰੇ ਵੱਡਾ ਯੋਗਦਾਨ ਪਾ ਸਕਦੇ ਹਨ।ਇਸ ਮਨੋਰਥ ਦੀ ਪੂਰਤੀ ਲਈ ਵਿੱਦਿਅਕ ਅਦਾਰੇ ਦੇ ਸਾਲਾਨਾ ਸਮਾਗਮ ਦਾ ਨਵੇਕਲੇ ਢੰਗ ਨਾਲ ਆਯੋਜਨ ਕਰੀਏ।ਇਸ ਸਮਾਗਮ ਦੌਰਾਨ ਵਿਦਿਆਰਥੀਆਂ ਨੂੰ ਤਿਆਰ ਕਰਵਾਈਆਂ ਜਾਣ ਵਾਲੀਆਂ ਪੇਸ਼ਕਾਰੀਆਂ ਇਸ ਤਰ੍ਹਾਂ ਦੀਆਂ ਹੋਣ ਕਿ ਵਿਦਿਆਰਥੀਆਂ ਨੂੰ ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰਨ, ਆਪਣੇ ਵਿਰਸੇ ਦੇ ਗੌਰਵਮਈ ਸਿਧਾਂਤਾਂ ਨੂੰ ਅਪਣਾਉਣ, ਸਮਾਜਿਕ ਬੁਰਾਈਆਂ ਤੋਂ ਦੂਰ ਰਹਿਣ, ਨਸ਼ਾ ਮੁਕਤ ਸਮਾਜ ਦੀ ਸਿਰਜਣਾ, ਪ੍ਰਦੂਸ਼ਣ ਦੀ ਰੋਕਥਾਮ ਅਤੇ ਕੁਦਰਤੀ ਸਾਧਨਾਂ ਦੀ ਸੰਭਾਲ ਲਈ ਕਾਰਜਸ਼ੀਲ ਹੋਣ ਲਈ ਉਤਸ਼ਾਹਿਤ ਕਰਨ।

➢ **ਸਾਲਾਨਾ ਗੁਰਮਤਿ ਸਮਾਗਮ:** ਸਾਲ ਵਿਚ ਇੱਕ ਵਾਰ ਕਿਸੇ ਗੁਰਪੁਰਬ ਜਾਂ ਇਤਿਹਾਸਿਕ ਦਿਹਾੜੇ ਦਾ ਆਯੋਜਨ ਅਲੌਕਿਕ ਗੁਰਮਤਿ ਸਮਾਗਮ ਵਜੋਂ ਕਰਕੇ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ

ਸਦੀਵੀ ਗੁਰੂ ਵਜੋਂ ਸਰਬ-ਉੱਚਤਾ ਦ੍ਰਿੜ੍ਹ ਕਰਵਾਓ।ਸਮਾਗਮ ਦੇ ਮੁੱਖ ਮਹਿਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੋਣ ਅਤੇ ਗੁਰੂ ਜੀ ਦੇ ਸਰੂਪ ਨੂੰ ਦਿਵਾਨ ਸਜ ਜਾਣ ਉਪਰੰਤ ਸ਼ਾਨੋ ਸ਼ੌਕਤ ਨਾਲ ਸਿੰਘਾਸਣ ਤੇ ਸੁਸ਼ੋਭਿਤ ਕੀਤਾ ਜਾਵੇ।ਦਿਵਾਨ ਵਿਚ ਗੁਰੂ ਜੀ ਦੀ ਦੇ ਪ੍ਰਕਾਸ਼/ ਕੀਰਤਨ/ ਕਥਾ/ ਭਾਸ਼ਣ/ ਕਵਿਤਾਵਾਂ/ ਵਾਰਾਂ ਅਤੇ ਮੰਚ ਸੰਚਾਲਨ ਆਦਿਕ ਦੀ ਸੇਵਾ ਵਿਦਿਆਰਥੀ ਆਪ ਨਿਭਾਉਣ।ਜੋੜਿਆਂ, ਜਲ ਅਤੇ ਲੰਗਰ ਆਦਿ ਦੀਆਂ ਸਾਰੀਆਂ ਸੇਵਾਵਾਂ ਲਈ ਵੀ ਵਿਦਿਆਰਥੀਆਂ ਦੇ ਜਥੇ ਤਿਆਰ ਕੀਤੇ ਜਾਣ।ਵੱਖ-ਵੱਖ ਸੇਵਾਵਾਂ ਵਿਚ ਨਿਪੁੰਨ ਸੱਜਣ ਅਤੇ ਅਧਿਆਪਕ, ਵਿਦਿਆਰਥੀਆਂ ਨੂੰ ਸਾਰੀਆਂ ਸੇਵਾਵਾਂ ਕਰਨ ਦੀ ਸਿਖਲਾਈ ਦੇਣ ਦੇ ਨਾਲ-ਨਾਲ ਇਹ ਵੀ ਦ੍ਰਿੜ੍ਹ ਕਰਵਾਉਣ ਕਿ ਸੇਵਾ ਭਾਗਾਂ ਨਾਲ ਮਿਲਦੀ ਹੈ ਅਤੇ ਸੇਵਾ ਕਰਕੇ ਮਾਣ ਨਹੀਂ ਕਰੀਦਾ ਸਗੋਂ ਨਿਮਰਤਾ ਵਿਚ ਰਹੀਦਾ ਹੈ।ਇਸ ਸਮਾਗਮ ਵਿਚ ਸਾਰੇ ਵਿਦਿਆਰਥੀਆਂ ਦੇ ਮਾਪਿਆਂ ਦਾ ਹਾਜ਼ਰ ਹੋਣਾ ਜ਼ਰੂਰੀ ਹੋਵੇ।ਦਿਵਾਨ ਦੀ ਸਮਾਪਤੀ ਉਪਰੰਤ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਤਿਕਾਰ ਅਤੇ ਸ਼ਾਨ ਨਾਲ ਵਿਦਾਇਗੀ ਦਿੱਤੀ ਜਾਵੇ ਤੇ ਫੇਰ ਸੰਗਤ ਵਿਦਾ ਹੋਵੇ।

- **ਵਿਸ਼ੇਸ਼ ਮੁਕਾਬਲੇ:** ਵਿਦਿਆਰਥੀਆਂ ਦੀ ਸ਼ਖ਼ਸੀਅਤ ਦੇ ਸਰਬ-ਪੱਖੀ ਵਿਕਾਸ ਲਈ ਵਿਦਿਆਰਥੀਆਂ ਨੂੰ ਕੀਰਤਨ, ਭਾਸ਼ਣ, ਵਿਚਾਰ ਚਰਚਾ, ਕਵਿਤਾ, ਸੁੰਦਰ ਪੰਜਾਬੀ ਲਿਖਾਈ, ਗੁਰਮਤਿ ਇਮਤਿਹਾਨ, ਪੇਂਟਿੰਗ, ਚੀਕਨੀ ਮਿੱਟੀ ਕਲਾਕ੍ਰਿਤ (clay modeling), ਦਸਤਾਰ ਸਜਾਉਣ, ਪ੍ਰਸ਼ੋਨਤਰੀ, ਆਦਿਕ ਮੁਕਾਬਲਿਆਂ ਵਿਚ ਭਾਗ ਲੈਣ ਲਈ ਉਤਸ਼ਾਹਿਤ ਕਰੋ।ਆਪਣੇ ਸਕੂਲ ਵਿਚ ਵੀ ਇਨ੍ਹਾਂ ਮੁਕਾਬਲਿਆਂ ਦਾ ਆਯੋਜਨ ਕਲਾਸ ਅਤੇ ਸਕੂਲ ਪੱਧਰ ਤੇ ਕਰੋ।

- **ਤੰਦਰੁਸਤ ਸਿਹਤ ਅਤੇ ਆਤਮ ਰੱਖਿਆ ਲਈ ਜਾਗਰੂਕਤਾ:** ਵਿਦਿਆਰਥੀਆਂ ਅੰਦਰ ਆਪਣੀ ਸਿਹਤ ਨੂੰ ਤੰਦਰੁਸਤ ਰੱਖਣ ਲਈ :
    - ਪੋਸ਼ਟਿਕ ਭੋਜਨ ਛਕਣ ਅਤੇ ਨੇਮ ਨਾਲ ਕਸਰਤ ਕਰਨ ਲਈ ਜਾਗਰੂਕਤਾ ਪੈਦਾ ਕਰੋ।
    - ਵਿਦਿਆਰਥੀਆਂ ਨੂੰ ਰਾਤ ਨੂੰ ਸਮੇਂ ਸਿਰ ਸੌਣ ਅਤੇ ਸਵੇਰ ਨੂੰ ਸਮੇਂ ਸਿਰ ਉੱਠਣ ਦੀ ਸਿੱਖਿਆ ਦਿਓ।
    - ਸਮੂਹ ਵਿਦਿਆਰਥੀਆਂ ਨੂੰ ਆਤਮ ਰੱਖਿਆ ਲਈ ਆਤਮ ਨਿਰਭਰ ਕਰਨ ਲਈ ਗਤਕਾ ਅਤੇ ਹੋਰ ਆਤਮ ਰੱਖਿਆ ਵਿਧੀਆਂ ਦੀ ਸਿਖਲਾਈ ਦੇ ਉਚੇਚੇ ਪ੍ਰਬੰਧ ਕਰੋ।
    - ਹਰ ਵਿਦਿਆਰਥੀ ਨੂੰ ਕਿਸੇ ਨਾ ਕਿਸੇ ਖੇਡ ਵਿਚ ਭਾਗ ਲੈਣ ਲਈ ਉਤਸ਼ਾਹਿਤ ਕਰੋ।ਚੰਗੇ ਖਿਡਾਰੀਆਂ ਨੂੰ ਵੱਡੀਆਂ ਮੱਲਾਂ ਮਾਰਨ ਦੀ ਸਿਖਲਾਈ ਦਿਉ।

- **ਹੱਥੀਂ ਕਿਰਤ ਅਤੇ ਸੇਵਾ ਦੀ ਮਹਾਨਤਾ ਦੀ ਸੋਝੀ:** ਵਿਦਿਆਰਥੀਆਂ ਅੰਦਰ ਸੇਵਾਰਥੀ ਬਣਨ ਲਈ ਪ੍ਰਬੱਲ ਜਗਿਆਸਾ ਅਤੇ ਸਵਾਰਥੀ ਪ੍ਰਵਿਰਤੀਆਂ ਦਾ ਤਿਆਗ ਕਰਨ ਦੀ ਸੋਝੀ ਪੈਦਾ ਕਰਕੇ ਹੀ ਖੁਸ਼ਹਾਲ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ।ਇਸ ਮਨੋਰਥ ਦੀ ਪੂਰਤੀ ਲਈ:
    - ਵਿਦਿਆਰਥੀ ਨੂੰ ਘਰਾਂ ਵਿਚ ਮਾਤਾ-ਪਿਤਾ ਨਾਲ ਅਤੇ ਸਕੂਲ ਵਿਚ ਅਧਿਆਪਕਾਂ ਨਾਲ ਹੱਥੀਂ ਕੰਮ ਕਰਵਾਉਣ ਲਈ ਉਸ਼ਾਹਿਤ ਕਰੋ।ਵਿਦਿਆਰਥੀਆਂ ਵਿਚ ਇਹ ਗੁਣ ਭਰਨ ਲਈ ਅਧਿਆਪਕ ਖੁਦ ਰੋਲ ਮਾਡਲ ਬਣਨ।
    - ਵਿਦਿਆਰਥੀਆਂ ਨੂੰ ਸਮਾਜ ਵਿਚ ਹਰ ਵਿਅਕਤੀ ਦੀ ਕਦਰ ਅਤੇ ਸਹਿਯੋਗ ਕਰਨ ਦੀ ਪ੍ਰੇਰਨਾ ਕਰੋ।
    - ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ 'ਸੇਵਾ ਦਿਵਸ' ਵਜੋਂ ਮਨਾਓ।ਇਸ ਦਿਹਾੜੇ ਸਮੇਂ ਆਪਣੇ ਇਲਾਕੇ ਦੇ ਕਿਸੇ ਹਸਪਤਾਲ, ਬਿਰਧ ਆਸ਼ਰਮ, ਪਿੰਗਲਵਾੜਾ ਜਾਂ ਗਰੀਬ ਲੋਕਾਂ ਦੀ

ਨਗਰੀ ਵਿਚ ਜਾ ਕੇ ਉਨ੍ਹਾਂ ਦੀ ਸੇਵਾ ਕਰੋ। ਰੋਗੀਆਂ ਅਤੇ ਲੋੜਵੰਦਾਂ ਦੀ ਤੰਦਰੁਸਤੀ ਅਤੇ ਖੁਸ਼ਹਾਲੀ ਲਈ ਅਰਦਾਸ ਕਰੋ ਅਤੇ ਉਨ੍ਹਾਂ ਨੂੰ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੇ ਜੀਵਨ ਅਤੇ ਗੁਰਬਾਣੀ ਦੀਆਂ ਸਿੱਖਿਆਵਾਂ ਬਾਰੇ ਦੱਸੋ। ਵਿਦਿਆਰਥੀਆਂ ਨਾਲ ਪੂਰਾ ਦਿਨ ਇਨ੍ਹਾਂ ਸਥਾਨਾਂ ਤੇ ਬਿਤਾਉ ਅਤੇ ਵਿਦਿਆਰਥੀਆਂ ਅੰਦਰ ਆਪਣੇ ਮਾਤਾ-ਪਿਤਾ ਨੂੰ ਬਜ਼ੁਰਗ ਅਵਸਥਾ ਵਿਚ ਬਿਰਧ ਆਸ਼ਰਮ ਵਿਚ ਨਾ ਭੇਜਣ, ਨਿਆਸਰੇ ਅਤੇ ਲੋੜਵੰਦ ਲੋਕਾਂ ਦੀਆਂ ਲੋੜਾਂ ਪੂਰੀਆ ਕਰਨ ਅਤੇ ਵੱਡੇ ਹੋ ਕਿ ਇਸ ਸੰਸਾਰ ਦੇ ਸਭ ਜੀਵਾਂ ਦੀ ਭਲਾਈ ਲਈ ਬਿਨਾ ਕਿਸੇ ਵਿਤਕਰੇ ਦੇ ਕਾਰਜਸ਼ੀਲ ਹੋਣ ਦੀ ਜਗਿਆਸਾ ਭਰੋ।

- ❖ ਵਿਦਿਆਰਥੀਆਂ ਅੰਦਰ ਦਇਆ ਦੀ ਭਾਵਨਾ ਜਗਾਉਣ ਅਤੇ ਉਨ੍ਹਾਂ ਨੂੰ ਸਮੇਂ ਅਤੇ ਕਮਾਈ ਦਾ ਦਸਵੰਧ ਕੱਢ ਕੇ ਲੋੜਵੰਦਾਂ ਦੀ ਲੋੜ ਪੂਰੀ ਕਰਨ ਦੀ ਮਹੱਤਤਾ ਦ੍ਰਿੜ੍ਹ ਕਰਵਾਉਣ ਲਈ ਸਮੇਂ-ਸਮੇਂ ਤੇ ਉਚੇਚੇ ਯਤਨ ਕਰੋ।

➢ **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਨਿਰੰਤਰ ਅਧਿਐਨ ਕਰਨ ਦੀ ਪ੍ਰੇਰਨਾ:** ਸਮੂਹ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪ੍ਰੇਮ ਭਿੱਜੀ ਖੋਜੀ ਬਿਰਤੀ ਨਾਲ ਨਿਰੰਤਰ ਅਧਿਐਨ ਕਰਨ ਅਤੇ ਗੁਰਬਾਣੀ ਦੀਆਂ ਸਿੱਖਿਆਵਾਂ ਨੂੰ ਜੀਵਨ ਵਿੱਚ ਅਪਨਾਉਣ ਲਈ ਪ੍ਰੇਰਿਤ ਕਰੋ। ਆਤਮ ਪਰਗਾਸ ਪ੍ਰਕਾਸ਼ਨਾਵਾਂ ਵਿਚ ਸਿਖਲਾਈ ਗਈ ਸ਼ਬਦਾਵਲੀ ਦਾ ਨਿੱਤ ਦੀ ਬੋਲ ਚਾਲ ਵਿਚ ਪ੍ਰਚਲਿਤ ਹੋਣਾ ਗੁਰਬਾਣੀ ਦੇ ਸੁਤੇ ਸਿੱਧ ਅਧਿਐਨ ਲਈ ਸਹਾਈ ਹੋਵੇਗਾ। ਇਸ ਅਧਿਐਨ ਲਈ ਡਾ. ਸਾਹਿਬ ਸਿੰਘ ਰਚਿਤ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਲਾਭਕਾਰੀ ਪ੍ਰਕਾਸ਼ਨਾ ਹੈ। ਇਹ ਪ੍ਰਕਾਸ਼ਨਾ *eGurbani* ਅਤੇ *Gurbani Reseracher* ਸਮਾਰਟ ਫੋਨ ਐਪ ਵਿੱਚ ਉਪਲਬਧ ਹੈ ਅਤੇ ਅਸਾਨੀ ਨਾਲ ਪੜ੍ਹੀ ਜਾ ਸਕਦੀ ਹੈ।

➢ **ਨਸ਼ਾ ਮੁਕਤ ਸਮਾਜ ਦੀ ਸਿਰਜਣਾ ਲਈ ਤਿਆਰੀ:** ਨਸ਼ਾ ਮੁਕਤ ਸਮਾਜ ਦੀ ਸਿਰਜਣਾ ਲਈ ਵਿਦਿਆਰਥੀਆਂ ਨੂੰ ਬਚਨਬੱਧ ਕਰਨ ਲਈ ਨਿਰੰਤਰ ਯਤਨਸ਼ੀਲ ਰਹੋ। ਇਸ ਉਦੇਸ਼ ਦੀ ਪੂਰਤੀ ਲਈ:

- ❖ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਬਾਰੇ ਜਾਣੂ ਕਰਵਾਉ।
- ❖ ਆਪਣੇ ਪਰਿਵਾਰਾਂ ਅਤੇ ਪਰਿਵਾਰਿਕ ਸਮਾਗਮਾਂ ਵਿਚ ਨਸ਼ੇ ਦੀ ਵਰਤੋਂ ਨਾ ਕਰਨ ਵਾਲੇ ਵਿਦਿਆਰਥੀਆਂ ਦੇ ਪਰਿਵਾਰਾਂ ਦੀ ਸੂਚੀ ਤਿਆਰ ਕਰਕੇ ਇਨ੍ਹਾਂ ਪਰਿਵਾਰਾਂ ਅਤੇ ਵਿਦਿਆਰਥੀਆਂ ਦੀ ਹੌਸਲਾ ਅਫ਼ਜਾਈ ਕਰੋ।
- ❖ ਨਸ਼ਿਆਂ ਦੀ ਵਰਤੋਂ ਕਰਨ ਵਾਲੇ ਪਰਿਵਾਰਾਂ ਦੇ ਵਿਦਿਆਰਥੀਆਂ ਨੂੰ ਸਦਾ ਲਈ ਨਸ਼ਿਆਂ ਤੋਂ ਦੂਰ ਕਰਨ ਲਈ ਇਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਪਰਿਵਾਰਿਕ ਸਮਾਗਮਾਂ ਵਿਚ ਨਸ਼ੇ ਦੀ ਵਰਤੋਂ ਹੋਣ ਸਮੇਂ ਸਮਾਗਮਾਂ ਵਿਚ ਸ਼ਮੂਲੀਅਤ ਨਾ ਕਰਨ ਲਈ ਬਚਨਬੱਧ ਕਰੋ।
- ❖ ਆਪਣੇ ਪਰਿਵਾਰਕ ਮੈਂਬਰਾਂ/ ਰਿਸ਼ਤੇਦਾਰਾਂ ਅਤੇ ਮਿੱਤਰਾਂ ਨੂੰ ਪ੍ਰੇਰਨਾ ਕਰਕੇ ਨਸ਼ਿਆਂ ਦਾ ਤਿਆਗ ਕਰਨ ਲਈ ਬਚਨਬੱਧ ਕਰਨ ਵਾਲੇ ਵਿਦਿਆਰਥੀਆਂ ਨੂੰ ਸਕੂਲ ਦੇ ਸਾਲਾਨਾ ਸਮਾਗਮ ਸਮੇਂ ਸਨਮਾਨਿਤ ਕਰੋ।

➢ **ਕੁਦਰਤ ਦੀ ਸੰਭਾਲ ਲਈ ਯਤਨ :** ਕੁਦਰਤ ਦੀ ਸੰਭਾਲ ਲਈ ਲੋਕ ਲਹਿਰ ਪੈਦਾ ਕਰਨ ਲਈ ਇਸ ਵਿਸ਼ੇ ਨੂੰ ਸਕੂਲ ਦੇ ਹਰ ਸਮਾਗਮ ਅਤੇ ਇਕੱਤਰਤਾ ਸਮੇਂ ਵਿਚਾਰ ਅਧੀਨ ਰੱਖੀਏ। ਸਕੂਲ ਦੇ ਸਾਰੇ ਅਧਿਆਪਕ ਅਤੇ ਵਿਦਿਆਰਥੀ ਸਕੂਲ ਅਤੇ ਆਪੋ-ਆਪਣੇ ਪਰਿਵਾਰਾਂ ਵਿਚ ਘੱਟੋ-ਘੱਟ ਹੇਠ ਲਿਖੇ ਕਾਰਜ ਯਕੀਨੀ ਬਣਾਉਣ:

- ❖ ਪਾਣੀ ਦੀ ਸੰਜਮ ਨਾਲ ਵਰਤੋਂ: ਇਸ ਮਨੋਰਥ ਦੀ ਪੂਰਤੀ ਲਈ ਸਾਵਧਾਨ ਰਹੀਏ ਅਤੇ ਹਰ ਕੰਮ (ਦੰਦ ਸਾਫ਼ ਕਰਨ, ਹੱਥ ਧੋਣ, ਨਹਾਉਣ, ਸਕੂਟਰ/ਕਾਰ ਸਾਫ਼ ਕਰਨ, ਕੱਪੜੇ ਧੋਣ, ਬਗੀਚੀ ਨੂੰ ਪਾਣੀ ਲਾਉਣ, ਖੇਤ ਨੂੰ ਪਾਣੀ ਲਾਉਣ ਆਦਿ) ਸਮੇਂ ਪਾਣੀ ਦੀ ਸੁਚੱਜੀ ਵਰਤੋਂ ਕਰੀਏ।
- ❖ ਦਰਖ਼ਤਾਂ ਦੀ ਲੁਆਈ ਅਤੇ ਸੰਭਾਲ: ਸਕੂਲ ਵਿਚ ਦਾਖਲੇ ਸਮੇਂ ਹਰ ਵਿਦਿਆਰਥੀ ਨੂੰ ਇੱਕ ਬੂਟਾ ਤੋਹਫ਼ੇ ਵਜੋਂ ਦੇ ਕੇ ਇਸ ਨੂੰ ਪਾਲ ਕੇ ਦਰਖ਼ਤ ਬਣਾਉਣ ਦੀ ਸਿੱਖਿਆ ਦਿਓ। ਵਿਦਿਆਰਥੀ ਨੂੰ ਇਸ ਬੂਟੇ ਨੂੰ ਲਗਾਉਣ ਸਮੇਂ ਦੀ ਫੋਟੋ ਸੁੰਦਰ ਐਲਬਮ ਵਿਚ ਲਗਾਉਣ ਲਈ ਕਹੋ। ਦਰਖ਼ਤ ਲਗਾਉਣ ਦੀ ਮਿਤੀ ਵਾਲੇ ਦਿਨ ਹਰ ਸਾਲ ਵਿਦਿਆਰਥੀ ਇਸ ਦਰਖ਼ਤ ਨਾਲ ਆਪਣੀ ਫੋਟੋ ਖਿੱਚ ਕੇ ਐਲਬਮ ਵਿਚ ਲਗਾਵੇ। ਇਹ ਐਲਬਮ ਵਿਦਿਆਰਥੀ ਅਤੇ ਬੂਟੇ ਦੇ ਸਾਲਾਨਾ ਵਾਧੇ ਦੀ ਯਾਦਗਰ ਹੋਵੇਗੀ। ਵਿਦਿਆਰਥੀ ਨੂੰ ਸਾਲਾਨਾ ਇਮਤਿਹਾਨ ਵਿੱਚੋਂ ਪਾਸ ਕਰਨ ਸਮੇਂ ਅਧਿਆਪਕ ਇਸ ਐਲਬਮ ਨੂੰ ਚੈੱਕ ਕਰਕੇ ਹਸਤਾਖ਼ਰ ਕਰਨ। ਕਲਾਸ ਇੰਚਾਰਜ ਸਾਰੇ ਵਿਦਿਆਰਥੀਆਂ ਨੂੰ ਸਮੇਂ-ਸਮੇਂ ਤੇ ਆਪੋ-ਆਪਣੇ ਦਰਖ਼ਤਾਂ ਦੀ ਸੰਭਾਲ ਲਈ ਪ੍ਰੇਰਨਾ ਕਰਦੇ ਰਹਿਣ।
- ❖ ਪੋਲੀਥੀਨ ਅਤੇ ਨਾ-ਗਲਣਯੋਗ ਸਮੱਗਰੀ ਦੀ ਵਰਤੋਂ ਤੋਂ ਗੁਰੇਜ਼: ਸਕੂਲ ਵਿਚ ਪੋਲੀਥੀਨ ਅਤੇ ਨਾ-ਗਲਣਯੋਗ ਸਮੱਗਰੀ ਦੀ ਵਰਤੋਂ ਨਾ ਕਰੋ ਅਤੇ ਵਿਦਿਆਰਥੀਆਂ ਨੂੰ ਵੀ ਆਪਣੇ ਘਰਾਂ ਦੇ ਕਾਰ ਵਿਹਾਰ ਅਤੇ ਖਰੀਦੋ ਫਰੋਖਤ ਆਦਿ ਸਮੇਂ ਪੋਲੀਥੀਨ ਅਤੇ ਨਾ-ਗਲਣਯੋਗ ਸਮੱਗਰੀ ਦੀ ਥਾਂ ਕੱਪੜੇ ਦੇ ਥੈਲੇ ਵਰਤਣ ਦੀ ਪ੍ਰੇਰਨਾ ਕਰੋ।
- ❖ ਪੰਛੀਆਂ ਦੀ ਪਰਵਰਸ਼ ਲਈ ਸਹਿਯੋਗ: ਸਕੂਲ ਵਿਚ ਵੱਖ-ਵੱਖ ਥਾਵਾਂ ਤੇ ਪੰਛੀਆਂ ਦੇ ਆਲ੍ਹਣੇ ਪਾਉਣ ਲਈ ਦਰਖ਼ਤ, ਪੀਣ ਲਈ ਮਿੱਟੀ ਦੇ ਭਾਂਡਿਆਂ ਵਿਚ ਪਾਣੀ ਅਤੇ ਖਾਣ ਲਈ ਕੁਝ ਅਨਾਜ ਦਾ ਪ੍ਰਬੰਧ ਕਰੋ। ਵਿਦਿਆਰਥੀਆਂ ਨੂੰ ਇਹ ਪ੍ਰਬੰਧ ਆਪਣੇ ਘਰਾਂ ਵਿਚ ਵੀ ਕਰਨ ਦੀ ਪ੍ਰੇਰਨਾ ਕਰੋ।
- ❖ ਕੁਦਰਤੀ ਖੇਤੀ ਨੂੰ ਉਤਸ਼ਾਹ: ਆਪਣੇ ਸਕੂਲ ਵਿਚ ਪੜ੍ਹ ਰਹੇ ਕਿਸਾਨ ਪਰਿਵਾਰਾਂ ਦੇ ਬੱਚਿਆਂ ਨੂੰ ਉਤਪਾਦਨ ਖਰਚ ਘਟਾਉਣ, ਭੂਮੀ ਦੀ ਸਿਹਤ ਬਣਾਉਣ ਅਤੇ ਪ੍ਰਦੂਸ਼ਣ ਦੀ ਰੋਕਥਾਮ ਲਈ ਖੇਤੀਬਾੜੀ ਵਿਚ ਬੇਲੋੜੇ ਰਸਾਇਣਾਂ ਦੀ ਵਰਤੋਂ ਤੋਂ ਗੁਰੇਜ਼ ਕਰਨ, ਫ਼ਸਲਾਂ ਦੇ ਨਾੜ ਨੂੰ ਅੱਗ ਨਾ ਲਗਾ ਕੇ ਉੱਨਤ ਖੇਤੀ ਵਿਧੀਆਂ ਨੂੰ ਅਪਣਾਉਣ, ਰਸੋਈ/ਫ਼ਸਲਾਂ ਦੀ ਰਹਿੰਦ-ਖੂੰਹਦ, ਪਸ਼ੂਆਂ ਦੇ ਗੋਹੇ/ਪਿਸ਼ਾਬ ਅਤੇ ਹੋਰ ਜੈਵਿਕ ਮਾਦੇ ਨੂੰ ਖੇਤੀਬਾੜੀ ਜਾਂ ਘਰੇਲੂ ਬਗੀਚੀ ਵਿਚ ਹੀ ਵਰਤਣ ਅਤੇ ਕੁਦਰਤੀ ਖੇਤੀ ਕਰਨ ਲਈ ਉਤਸ਼ਾਹਿਤ ਕਰੀਏ।
- ❖ ਘਰੇਲੂ ਬਗੀਚੀਆਂ: ਵਿਦਿਆਰਥੀਆਂ ਨੂੰ ਆਪੋ-ਆਪਣੇ ਘਰ ਵਿਚ ਘਰੇਲੂ ਬਗੀਚੀ ਬਣਾਉਣ ਲਈ ਪ੍ਰੇਰਿਤ ਕਰੀਏ। ਵਧੀਆ ਘਰੇਲੂ ਬਗੀਚੀ ਬਣਾਉਣ ਵਾਲੇ ਵਿਦਿਆਰਥੀ ਨੂੰ ਸਕੂਲ ਦੇ ਸਾਲਾਨਾ ਸਮਾਗਮ ਸਮੇਂ ਸਨਮਾਨਿਤ ਕਰੋ।
- ❖ ਮੀਂਹ ਦੇ ਪਾਣੀ ਦੀ ਸੰਭਾਲ: ਮੀਂਹ ਦੇ ਪਾਣੀ ਦੀ ਸੰਭਾਲ ਲਈ ਮਾਹਿਰਾਂ ਦੀ ਸਲਾਹ ਨਾਲ ਸਕੂਲ ਵਿਚ ਉਚੇਚਾ ਪ੍ਰਬੰਧ ਕਰੋ। ਵਿਦਿਆਰਥੀਆਂ ਨੂੰ ਇਹ ਪ੍ਰਬੰਧ ਦਿਖਾਓ ਅਤੇ ਆਪੋ-ਆਪਣੇ ਘਰਾਂ ਵਿਚ ਵੀ ਕਰਨ ਲਈ ਪ੍ਰੇਰਨਾ ਕਰੋ।
- ❖ ਊਰਜਾ ਦੀ ਬੱਚਤ: ਵਿਦਿਆਰਥੀਆਂ ਨੂੰ ਬਿਜਲੀ, ਪੈਟਰੋਲ, ਡੀਜਲ ਅਤੇ ਊਰਜਾ ਦੇ ਹੋਰ ਕੁਦਰਤੀ ਸੋਮਿਆਂ ਦੀ ਬੱਚਤ ਲਈ ਪ੍ਰੇਰਿਤ ਕਰੋ। ਸਕੂਲ ਵਿਚ ਸੂਰਜੀ ਊਰਜਾ ਦੀ ਵਰਤੋਂ ਲਈ ਪ੍ਰਬੰਧ ਕਰੋ ਅਤੇ ਵਿਦਿਆਰਥੀਆਂ ਨੂੰ ਇਸ ਦੀ ਜਾਣਕਾਰੀ ਦਿਓ।
- ❖ ਹਵਾਦਾਰ ਇਮਾਰਤਾਂ ਦੀ ਉਸਾਰੀ: ਇਮਾਰਤਾਂ ਦਾ ਨਕਸ਼ਾ ਇਸ ਤਰ੍ਹਾਂ ਬਣਾਓ ਕਿ ਕਮਰਿਆਂ ਵਿਚ ਕੁਦਰਤੀ ਰੋਸ਼ਨੀ ਅਤੇ ਹਵਾ ਉਪਲੱਬਧ ਹੋਵੇ। ਏਅਰ ਕੰਡੀਸ਼ਨਰਾਂ ਦੀ ਵਰਤੋਂ ਨਾ ਕਰੋ। ਵਿਦਿਆਰਥੀਆਂ ਨੂੰ ਆਪਣੇ ਘਰਾਂ ਦੀ ਉਸਾਰੀ ਸਮੇਂ ਇਨ੍ਹਾਂ ਗੱਲਾਂ ਦਾ ਧਿਆਨ ਰੱਖਣ ਦੀ ਸਿੱਖਿਆ ਦਿਓ।

- ❖ ਕੂੜੇ ਦਾ ਯੋਗ ਪ੍ਰਬੰਧ: ਸਕੂਲ ਵਿਚ ਗਲਣਯੋਗ ਅਤੇ ਨਾ-ਗਲਣਯੋਗ ਕੂੜੇ ਲਈ ਵੱਖੋ-ਵੱਖਰੇ ਕੂੜਾ ਦਾਨ ਵਰਤੋ। ਵਿਦਿਆਰਥੀਆਂ ਨੂੰ ਗਲਣਯੋਗ ਸਮੱਗਰੀ ਦੀ ਕੰਮਪੋਸਟ ਬਣਾਉਣ ਅਤੇ ਸਕੂਲ ਦੀਆਂ ਕਿਆਰੀਆਂ ਅਤੇ ਦਰਖਤਾਂ ਨੂੰ ਪਾਉਣ ਦੀ ਸਿਖਲਾਈ ਦਿਓ ਅਤੇ ਇਹ ਵਿਧੀ ਘਰਾਂ ਵਿਚ ਅਪਣਾਉਣ ਲਈ ਵੀ ਜਾਗਰੂਕ ਕਰੋ।
- ❖ ਮੋਟਰ ਵਾਹਨਾਂ ਦੀ ਵਰਤੋਂ ਘੱਟ ਕਰੋ: ਛੋਟੇ ਸਫ਼ਰ ਲਈ ਸਕੂਟਰ/ਮੋਟਰ ਸਾਈਕਲ/ਕਾਰ ਦੀ ਥਾਂ ਤੇ ਸਾਈਕਲ ਦੀ ਵਰਤੋਂ ਕਰੋ ਜਾਂ ਪੈਦਲ ਸਫ਼ਰ ਕਰੋ।ਲੰਬੇ ਸਫ਼ਰ ਲਈ ਰੇਲ ਗੱਡੀ ਜਾਂ ਬੱਸ ਵਿਚ ਸਫ਼ਰ ਕਰੋ।ਜੇ ਨਿੱਜੀ ਕਾਰ ਦੀ ਵਰਤੋਂ ਜ਼ਰੂਰੀ ਹੋਵੇ ਤਾਂ ਆਪਣੇ ਸਾਥੀਆਂ ਨਾਲ ਰਲ ਮਿਲ ਕੇ ਵਰਤੋ ਤਾਂ ਜੋ ਵਾਤਾਵਰਨ ਦਾ ਪ੍ਰਦੂਸ਼ਨ ਘਟਾਇਆ ਜਾ ਸਕੇ।

**4) ਅੱਵਲ ਵਿਦਿਆਰਥੀਆਂ ਦੀ ਸਚਿਆਰ ਮਨੁੱਖਾਂ ਵਜੋਂ ਘਾੜਤ ਲਈ ਵਿਸ਼ੇਸ਼ ਯਤਨ:** ਸਮਾਜ ਦਾ ਸੰਚਾਲਨ ਕੁਝ ਚੋਣਵੇਂ ਲੋਕ ਕਰਦੇ ਹਨ।ਜੇ ਵਿੱਦਿਅਕ ਅਦਾਰੇ ਬਾਲ ਉਮਰ ਵਿਚ ਹੀ ਆਪਣੇ ਵਿਦਿਆਰਥੀਆਂ ਵਿੱਚੋਂ ਭਵਿੱਖ ਦੇ ਸਮਾਜ ਦੀ ਅਗਵਾਈ ਕਰਨ ਦੀ ਸਮਰੱਥਾ ਰੱਖਣ ਵਾਲੇ ਇਨ੍ਹਾਂ ਵਿਦਿਆਰਥੀਆਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਦੀ ਸਚਿਆਰ ਮਨੁੱਖਾਂ ਵਜੋਂ ਘਾੜਤ ਘੜਨ ਲਈ ਆਪਣਾ ਫ਼ਰਜ਼ ਨਿਭਾ ਦੇਣ ਤਾਂ ਸੁਖੀ ਅਤੇ ਖੁਸ਼ਹਾਲ ਸਮਾਜ ਦੀ ਸਿਰਜਣਾ ਦਾ ਸੁਪਨਾ ਸਾਕਾਰ ਕੀਤਾ ਜਾ ਸਕਦਾ ਹੈ।ਇਸ ਮਨੋਰਥ ਦੀ ਪੂਰਤੀ ਲਈ:

- ➢ **ਚੋਣਵੇਂ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਪਾਜ਼ਿਟਿਵ ਥਿੰਕਰਸ (Positive Thinkers) ਵਜੋਂ ਰਜਿਸਟਰੇਸ਼ਨ:** ਅੱਠਵੀਂ ਦਾ ਇਮਤਿਹਾਨ ਪਾਸ ਕਰ ਚੁੱਕੇ ਵਿਦਿਆਰਥੀਆਂ ਵਿੱਚੋਂ ਉਨ੍ਹਾਂ ਹੋਣਹਾਰ (promising), ਦ੍ਰਿੜ੍ਹ ਨਿਸ਼ਚੇ ਵਾਲੇ (committed) ਅਤੇ ਜਵਾਬਦੇਹ (answerable) ਵਿਦਿਆਰਥੀਆਂ ਦੀ ਨਿਸ਼ਾਨਦੇਹੀ ਕਰੋ ਜਿਨ੍ਹਾਂ ਅੰਦਰ ਹੇਠਾਂ ਦਿੱਤੇ ਅਨੁਸਾਰ ਘੱਟੋ-ਘੱਟ ਕੋਈ ਇੱਕ ਕਾਬਲੀਅਤ ਜ਼ਰੂਰ ਹੋਵੇ:
  - ✓ ਪਿਛਲੀਆਂ ਸ਼੍ਰੇਣੀਆਂ ਵਿੱਚੋਂ ਔਸਤਨ 70 ਫ਼ੀਸਦੀ ਅੰਕ
  - ✓ ਚੰਗਾ ਬੁਲਾਰਾ ਬਣਨ ਦੀ ਸਮਰੱਥਾ
  - ✓ ਚੰਗਾ ਲਿਖਾਰੀ ਬਣਨ ਦੀ ਸਮਰੱਥਾ
  - ✓ ਚੰਗਾ ਸੰਗੀਤਕਾਰ ਬਣਨ ਦੀ ਸਮਰੱਥਾ
  - ✓ ਚੰਗਾ ਆਗੂ ਬਣਨ ਦੀ ਸਮਰੱਥਾ
  - ✓ ਚੰਗਾ ਪ੍ਰਬੰਧਕ ਬਣਨ ਦੀ ਸਮਰੱਥਾ
  - ✓ ਚੰਗਾ ਖਿਡਾਰੀ ਬਣਨ ਦੀ ਸਮਰੱਥਾ
  - ✓ ਚੰਗਾ ਕਲਾਕਾਰ ਬਣਨ ਦੀ ਸਮਰੱਥਾ

  ਵਿਲੱਖਣ ਪ੍ਰਤਿਭਾ ਵਾਲੇ ਵਿਦਿਆਰਥੀਆਂ ਦੀ ਨਿਸ਼ਾਨਦੇਹੀ ਇਸ ਤੋਂ ਛੋਟੀ ਉਮਰ ਵਿਚ ਵੀ ਕੀਤੀ ਜਾ ਸਕਦੀ ਹੈ।ਇਨ੍ਹਾਂ ਵਿਦਿਆਰਥੀਆਂ ਨੂੰ www.atampargas.org ਤੇ '**ਪਾਜ਼ਿਟਿਵ ਥਿੰਕਰਸ**' ਵਜੋਂ ਰਜਿਸਟਰ ਕਰੋ।ਅਧਿਆਪਕ ਇੰਚਾਰਜ ਖੁਦ ਵੀ ਆਪਣੇ ਆਪ ਨੂੰ ਪਾਜ਼ਿਟਿਵ ਥਿੰਕਰ ਵਜੋਂ ਰਜਿਸਟਰੇਸ਼ਨ ਕਰਨ ਤਾਂ ਜੋ ਵਿਦਿਆਰਥੀਆਂ ਦੀ ਘਾੜਤ ਦੇ ਨਾਲ-ਨਾਲ ਉਹ ਆਪਣੀ ਸ਼ਖ਼ਸੀਅਤ ਦਾ ਵਿਕਾਸ ਵੀ ਕਰ ਸਕਣ।

- ➢ **ਕਾਬਲ ਅਧਿਆਪਕਾਂ/ ਵਿਦਿਆਰਥੀਆਂ ਦੀ ਉਸਤਾਦ (Mentor) ਵਜੋਂ ਸਿਫ਼ਾਰਸ਼:** ਉਪਰੋਕਤ ਚੁਣੇ ਗਏ ਪਾਜ਼ਿਟਿਵ ਥਿੰਕਰ ਵਿਦਿਆਰਥੀਆਂ ਅਤੇ ਅਧਿਆਪਕ ਇੰਚਾਰਜਾਂ ਵਿੱਚੋਂ ਉਨ੍ਹਾਂ ਕਾਬਲ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਉਸਤਾਦ ਵਜੋਂ ਸਿਫ਼ਾਰਸ਼ ਕਰੋ ਜੋ ਆਪਣੀ ਸ਼ਖ਼ਸੀਅਤ ਦੇ ਵਿਕਾਸ ਦੇ ਨਾਲ-ਨਾਲ ਘੱਟੋ-ਘੱਟ 5-5 ਵਿਦਿਆਰਥੀਆਂ ਦੀ ਸਚਿਆਰ ਮਨੁੱਖਾਂ ਵਜੋਂ ਘਾੜਤ ਘੜਨ ਲਈ ਉਸਤਾਦ ਵਜੋਂ ਪੈਰਵੀ ਕਰ ਸਕਣ।ਸਿਫ਼ਾਰਸ਼ ਕੀਤੇ ਗਏ ਇਨ੍ਹਾਂ ਅਧਿਆਪਕਾਂ / ਵਿਦਿਆਰਥੀਆਂ ਨੂੰ ਹੋਰਨਾਂ ਵਿਦਿਆਰਥੀਆਂ ਦੀ ਘਾੜਤ ਦੇ ਸਮਰੱਥ ਬਣਾਉਣ ਲਈ ਆਤਮ ਪਰਗਾਸ ਵੱਲੋਂ ਉਚੇਚੀ ਸਿਖਲਾਈ ਦਾ ਪ੍ਰਬੰਧ ਕੀਤਾ ਜਾਵੇਗਾ।

- **ਪਾਜ਼ਿਟਿਵ ਥਿੰਕਰਸ ਨੂੰ ਨਿਰਧਾਰਿਤ ਸਮਾਂ ਸਾਰਨੀ ਲਾਗੂ ਕਰਨ ਦੀ ਪ੍ਰੇਰਨਾ:** ਪਾਜ਼ਿਟਿਵ ਥਿੰਕਰਸ ਵਿਦਿਆਰਥੀਆਂ ਨੂੰ ਨਿਰਧਾਰਿਤ ਵਿਧੀ ਅਨੁਸਾਰ ਆਪੋ-ਆਪਣੀ ਸਮਾਂ ਸਾਰਨੀ (Time table) ਬਣਾ ਕੇ ਲਾਗੂ ਕਰਨ ਦੀ ਪ੍ਰੇਰਨਾ ਕਰੋ। ਉਨ੍ਹਾਂ ਦੀ ਰੋਜ਼ਾਨਾ ਸਮਾਂ ਸਾਰਨੀ ਰਿਪੋਰਟ ਦਰਜ ਹੋਣੀ ਯਕੀਨੀ ਬਣਾਓ।

- **ਪਾਜ਼ਿਟਿਵ ਥਿੰਕਰਸ ਅਤੇ ਉਸਤਾਦਾਂ ਦੀ ਹਫ਼ਤਾਵਾਰੀ ਇਕੱਤਰਤਾ:** ਪਾਜ਼ਿਟਿਵ ਥਿੰਕਰਸ਼ ਵਿਦਿਆਰਥੀਆਂ ਅਤੇ ਉਸਤਾਦਾਂ ਦੀ ਹਫ਼ਤਾਵਾਰੀ ਇਕੱਤਰਤਾ ਆਯੋਜਿਤ ਕਰੋ ਅਤੇ ਉਨ੍ਹਾਂ ਨੂੰ ਆਪੋ-ਆਪਣੀ ਸ਼ਖ਼ਸੀਅਤ ਨੂੰ ਸਚਿਆਰ ਮਨੁੱਖਾਂ ਵਜੋਂ ਵਿਕਸਿਤ ਕਰਨ ਲਈ ਉਤਸ਼ਾਹਿਤ ਰੱਖੋ।ਇਸ ਇਕੱਤਰਤਾ ਦੇ ਏਜੰਡੇ ਵਿਚ ਪਿਛਲੇ ਹਫ਼ਤੇ ਦੇ ਰੋਜ਼ਾਨਾ ਦੇ ਸਬਕਾਂ ਦਾ ਸਾਰ ਅੰਸ਼, ਕਿਸੇ ਇੱਕ ਸਬਕ ਦੀ ਵਿਸਥਾਰਿਤ ਵਿਚਾਰ ਚਰਚਾ, ਵਿਦਿਆਰਥੀਆਂ ਦੀ ਸਮਾਂ ਸਾਰਨੀ ਲਾਗੂ ਕਰਨ ਵਿਚ ਪ੍ਰਗਤੀ, ਕਿਸੇ ਵਿਦਿਆਰਥੀ ਵੱਲੋਂ ਤਿਆਰ ਕੀਤਾ ਗਿਆ ਕੋਈ ਨਵਾਂ ਵਿਸ਼ਾ ਅਤੇ ਵਿਦਿਆਰਥੀਆਂ ਦੇ ਸਵਾਲ ਜਵਾਬ ਕੀਤੇ ਜਾ ਸਕਦੇ ਹਨ।

- **ਮਾਸਿਕ ਪ੍ਰਸ਼ਨੋਤਰੀ ਮੁਕਾਬਲਾ:** ਪਾਜ਼ਿਟਿਵ ਥਿੰਕਰਸ ਵਿਦਿਆਰਥੀਆਂ ਨੂੰ ਰੋਜ਼ਾਨਾ ਆਨਲਾਈਨ ਕਲਾਸ ਵਿਚ ਪੜ੍ਹਾਏ ਜਾਂਦੇ ਸਬਕ ਦਾ ਅਧਿਐਨ ਕਰਨ ਲਈ ਨਿਰੰਤਰ ਪ੍ਰੇਰਿਤ ਕਰੋ ਅਤੇ ਇਸ ਕਲਾਸ ਵਿਚ ਦਿੱਤੀ ਸਿੱਖਿਆ ਦੇ ਅਧਾਰ ਤੇ ਆਯੋਜਿਤ ਕੀਤੇ ਜਾਂਦੇ ਮਾਸਿਕ ਪ੍ਰਸ਼ਨੋਤਰੀ ਮੁਕਾਬਲੇ ਵਿਚ ਸ਼ਮੂਲੀਅਤ ਯਕੀਨੀ ਬਣਾਓ।

- **ਮਾਸਿਕ, ਤ੍ਰੈਮਾਸਿਕ ਅਤੇ ਸਾਲਾਨਾ ਪ੍ਰਗਤੀ ਰਿਪੋਰਟ:** ਪਾਜ਼ਿਟਿਵ ਥਿੰਕਰਸ ਵਿਦਿਆਰਥੀਆਂ ਨੂੰ ਆਪਣੀ ਪ੍ਰਗਤੀ ਦੀ ਮਾਸਿਕ, ਤ੍ਰੈਮਾਸਿਕ ਅਤੇ ਸਾਲਾਨਾ ਪ੍ਰਗਤੀ ਰਿਪੋਰਟ ਸਮੇਂ ਸਿਰ ਦਰਜ ਕਰਵਾਉਣ ਅਤੇ ਸ੍ਵੈ-ਮੁਲਾਂਕਣ ਕਰਕੇ ਅੱਗੇ ਵਧਣ ਲਈ ਪ੍ਰੇਰਿਤ ਕਰੋ।

- **ਸਾਲਾਨਾ ਪਰਿਵਾਰਿਕ ਇਕੱਤਰਤਾ:** ਪਾਜ਼ਿਟਿਵ ਥਿੰਕਰਸ ਅਤੇ ਉਸਤਾਦਾਂ ਦੀ ਸਾਲਾਨਾ ਪਰਿਵਾਰਾਂ ਸਹਿਤ ਵਿਸ਼ੇਸ਼ ਇਕੱਤਰਤਾ ਦਾ ਆਯੋਜਨ ਕਰੋ।ਜਿੱਥੇ ਵਿਦਿਆਰਥੀ ਇੱਕ ਦੂਜੇ ਨਾਲ ਉੱਚ ਵਿੱਦਿਆ ਹਾਸਲ ਕਰਕੇ ਆਪੋ-ਆਪਣੇ ਖੇਤਰ ਵਿਚ ਮੱਲਾਂ ਮਾਰਨ ਅਤੇ ਖੁਸ਼ਹਾਲ ਸਮਾਜ ਦੀ ਸਿਰਜਣਾ ਵਿਚ ਆਪਣਾ ਯੋਗਦਾਨ ਪਾਉਣ ਲਈ ਆਪੋ-ਆਪਣੇ ਵਲਵਲਿਆਂ ਦਾ ਅਦਾਨ-ਪ੍ਰਦਾਨ ਕਰਨ।

**5) ਆਤਮ ਪਰਗਾਸ ਕਾਫ਼ਲੇ ਦਾ ਵਿਕਾਸ:** ਖੁਸ਼ਹਾਲ ਸਮਾਜ ਦੀ ਸਿਰਜਣਾ ਲਈ ਆਤਮ ਪਰਗਾਸ ਕਾਫ਼ਲੇ ਦੇ ਵਿਕਾਸ ਹਿੱਤ:

- **ਆਤਮ ਪਰਗਾਸ ਪ੍ਰਦਰਸ਼ਨੀਆਂ ਦਾ ਆਯੋਜਨ:** ਆਪਣੇ ਇਲਾਕੇ ਵਿਚ ਆਯੋਜਿਤ ਹੋਣ ਵਾਲੇ ਮਹੱਤਵਪੂਰਨ ਸਮਾਜਿਕ / ਧਾਰਮਿਕ / ਸੱਭਿਆਚਾਰਕ ਸਮਾਗਮਾਂ ਸਮੇਂ ਆਤਮ ਪਰਗਾਸ ਪ੍ਰਕਾਸ਼ਨਾਵਾਂ ਦੀਆਂ ਪ੍ਰਦਰਸ਼ਨੀਆਂ ਦਾ ਆਯੋਜਨ ਕਰੋ।

- **ਹੋਰ ਵਿੱਦਿਅਕ ਅਦਾਰਿਆਂ ਨੂੰ ਆਤਮ ਪਰਗਾਸ ਮਿਸ਼ਨ ਨਾਲ ਜੁੜਨ ਦੀ ਪ੍ਰੇਰਨਾ:** ਆਪਣੇ ਸੰਪਰਕ ਵਿਚਲੇ ਹੋਰ ਵਿੱਦਿਅਕ ਅਦਾਰਿਆਂ ਦੇ ਪ੍ਰਿੰਸੀਪਲ ਸਾਹਿਬਾਨਾਂ ਅਤੇ ਪ੍ਰਬੰਧਕ ਕਮੇਟੀਆਂ ਨੂੰ ਮਿਲ ਕੇ ਉਪਰੋਕਤ ਕਾਰਜਾਂ ਨੂੰ ਉਨ੍ਹਾਂ ਦੇ ਵਿੱਦਿਅਕ ਅਦਾਰਿਆਂ ਵਿਚ ਅਰੰਭ ਕਰਵਾਓ ਅਤੇ ਉਨ੍ਹਾਂ ਨੂੰ ਆਪਣੇ ਵਿਦਿਆਰਥੀਆਂ ਦੀ ਸਚਿਆਰ ਮਨੁੱਖਾਂ ਵਜੋਂ ਘਾੜਤ ਘੜਨ ਲਈ ਕਾਰਜਸ਼ੀਲ ਕਰਕੇ ਖੁਸ਼ਹਾਲ ਸਮਾਜ ਦੀ ਸਿਰਜਣਾ ਦਾ ਸੁਪਨਾ ਸਾਕਾਰ ਕਰਨ ਲਈ ਆਤਮ ਪਰਗਾਸ ਕਾਫ਼ਲੇ ਨੂੰ ਮਜ਼ਬੂਤ ਕਰੋ।

ਉਪਰੋਕਤ ਅਨੁਸਾਰ ਕਾਰਜਸ਼ੀਲ ਹੋ ਕੇ ਅੱਵਲ ਕਾਰਗੁਜਾਰੀ ਕਰਨ ਅਤੇ ਕੀਤੇ ਕਾਰਜਾਂ ਦੀ ਰਿਪੋਰਟ ਨੂੰ ਨਿਰੰਤਰ ਵੈਬਸਾਈਟ ਤੇ ਦਰਜ ਕਰਨ ਵਾਲੇ ਸਕੂਲ ਨੂੰ 'ਸਾਲਾਨਾ ਵਿੱਦਿਅਕ ਕਾਨਫ਼ਰੰਸ' ਸਮੇਂ 'ਆਤਮ ਪਰਗਾਸ ਸਰਬੋਤਮ ਸਕੂਲ ਸਨਮਾਨ' (ਸਨਮਾਨ ਚਿੰਨ੍ਹ ਅਤੇ 25000 ਰੁਪਏ ਰਾਸ਼ੀ) ਨਾਲ ਸਨਮਾਨਿਤ ਕੀਤਾ ਜਾਂਦਾ ਹੈ।

ATAM
PARGAS